ਪੜ੍ਹੋ ਪੰਜਾਬ

ਪ੍ਰੀ-ਪ੍ਰਾਇਮਰੀ ਸ਼੍ਰੇਣੀਆਂ ਲਈ

ਪੜ੍ਹਾਓ ਪੰਜਾਬ



# ਰੀਤੀ ਅਤੇ ਮਿੱਠੂ

ਸਕੂਲ ਸਿੱਖਿਆ ਵਿਭਾਗ, ਪੰਜਾਬ

ਪੜ੍ਹੋ ਪੰਜਾਬ

ਪੜ੍ਹਾਓ ਪੰਜਾਬ

ਪ੍ਰੀ-ਪ੍ਰਾਇਮਰੀ ਸ਼੍ਰੇਣੀਆਂ ਲਈ

# ਰੀਤੀ ਅਤੇ ਮਿੱਠੂ

ਲੇਖਕ: ਅਨੁਪਾ ਲਾਲ
ਪੰਜਾਬੀ ਅਨੁਵਾਦ: ਵਿਕਰਮਪਾਲ ਸ਼ਰਮਾ
ਚਿੱਤਰ: ਸੌਮਿਆ ਮੈਨਨ
ਚਿੱਤਰ ਸੰਪਾਦਕ: ਪਵਨਦੀਪ ਕੌਰ



ਰੀਤੀ ਦੀਆਂ ਛੁੱਟੀਆਂ ਸ਼ੁਰੂ ਹੋ ਗਈਆਂ। ਪਰ ਉਹ ਖੁਸ਼ ਨਹੀਂ। ਉਸਨੂੰ ਰੋਜ਼ ਸਕੂਲ ਜਾਣਾ ਪਸੰਦ ਹੈ।

ਸਕੂਲ ਵਿੱਚ ਉਸ ਦੇ ਬਹੁਤ ਸਾਰੇ ਦੋਸਤ ਹਨ।



ਇੱਕ ਦਿਨ ਉਹ ਘਰ ਦੀ ਖਿੜਕੀ ਕੋਲ ਖੜ੍ਹੀ ਸੀ। ਉਸ ਨੇ ਬਹੁਤ ਸਾਰੇ ਤੋਤੇ ਦੇਖੇ।







ਪੜ੍ਹਾਈ ਕਰਦੇ ਸਮੇਂ ਉਸ ਨੇ ਗੱਲਾਂ ਕਰਨ ਵਾਲਾ ਤੋਤਾ ਖ਼ਰੀਦਣ ਬਾਰੇ ਸੋਚਿਆ।






ਉਹ ਪਾਲਤੂ ਪੰਛੀਆਂ ਦੀ ਦੁਕਾਨ ਦੇ ਮਾਲਕ ਕੋਲ ਗਈ ਅਤੇ ਗੱਲਾਂ ਕਰਨ ਵਾਲੇ ਤੋਤੇ ਬਾਰੇ ਪੁੱਛਿਆ।

ਉਸ ਨੇ ਦੁਕਾਨ ਵਿੱਚ ਬਹੁਤ ਸਾਰੇ ਤੋਤਿਆ ਨੂੰ ਦੇਖਿਆ।



ਫਿਰ ਉਸ ਦੀ ਨਜ਼ਰ ਇੱਕ ਛੋਟੇ
ਅਤੇ ਪਿਆਰੇ ਤੋਤੇ 'ਤੇ ਪਈ।




ਦੁਕਾਨਦਾਰ ਬੋਲਿਆ, "ਹਾਂ ਪਿਆਰੀ ਬੱਚੀ! ਮੇਰੇ ਕੋਲ ਗੱਲਾਂ ਕਰਨ ਵਾਲਾ ਤੋਤਾ ਹੈ।" ਉਸ ਨੇ ਤੋਤਾ ਦਿਖਾਇਆ।





ਦੁਕਾਨਦਾਰ ਬੋਲਿਆ ਕਿ ਜੇਕਰ ਤੁਸੀਂ ਉਸਦੀ ਖੱਬੀ ਲੱਤ ਨੂੰ ਹੱਥ ਲਗਾਉਗੇ ਤਾਂ ਉਹ ਕਹੇਗਾ, "ਤੁਸੀਂ ਕਿਵੇਂ ਹੋ?"





ਰੀਤੀ ਤੋਤਾ ਖ਼ਰੀਦ ਕੇ ਘਰ ਲੈ ਆਈ ਅਤੇ ਖਿੜਕੀ ਕੋਲ ਰੱਖ ਦਿੱਤਾ।

ਉਸਨੇ ਉਸਦਾ ਨਾਮ ਮਿੱਠੂ ਰੱਖਿਆ।





ਅਗਲੇ ਦਿਨ ਰੀਤੀ ਜਦੋਂ ਮਿੱਠੂ ਕੋਲ ਗਈ ਤਾਂ ਉਸਨੇ ਦੇਖਿਆ ਕਿ ਉਹ ਬਹੁਤ ਪਰੇਸ਼ਾਨ ਸੀ।





ਉਸ ਤੋਂ ਅਗਲੇ ਦਿਨ
ਰੀਤੀ ਨੇ ਮਿੱਠੂ ਦਾ ਪਿੰਜਰਾ
ਖਿੜਕੀ ਵਿੱਚ ਰੱਖ ਦਿੱਤਾ।

ਉਹ ਇਹ ਦੇਖ ਕੇ ਹੈਰਾਨ ਸੀ
ਕਿ ਮਿੱਠੂ ਉੱਡਣ ਦੀ
ਕੋਸ਼ਿਸ਼ ਕਰ ਰਿਹਾ ਸੀ।





ਰੀਤੀ ਨੇ ਬਹੁਤ ਸੋਚਿਆ ਕਿ ਮਿੱਠੂ ਨੂੰ ਕਿਵੇਂ ਖੁਸ਼ ਕੀਤਾ ਜਾਵੇ।

ਬਹੁਤ ਸੋਚਣ 'ਤੇ ਉਸਨੂੰ ਪਤਾ ਲੱਗਿਆ ਕਿ ਮਿੱਠੂ ਵੀ ਆਪਣੇ ਸਾਥੀਆਂ ਤੋਂ ਦੂਰ ਹੋ ਕੇ ਪਰੇਸ਼ਾਨ ਹੈ।





ਸ਼ਾਮ ਵੇਲੇ ਰੀਤੀ ਮਿੱਠੂ ਕੋਲ ਗਈ ਅਤੇ
ਮਿੱਠੂ ਦਾ ਪਿੰਜਰਾ ਖੋਲ੍ਹ ਦਿੱਤਾ।
ਉਹ ਖੁਸ਼ ਹੋਇਆ ਅਤੇ ਉੱਡ ਗਿਆ।

ਰੀਤੀ ਨੂੰ ਛੁੱਟੀਆਂ ਚੰਗੀਆਂ ਨਹੀਂ ਲੱਗਦੀਆਂ ਕਿਉਂਕਿ ਛੁੱਟੀਆਂ ਵਿੱਚ ਉਸਨੂੰ ਆਪਣੇ ਦੋਸਤਾਂ ਦੀ ਕਮੀ ਮਹਿਸੂਸ ਹੁੰਦੀ ਹੈ। ਗਰਮੀਆਂ ਦੀਆਂ ਛੁੱਟੀਆਂ ਵਿੱਚ ਉਸਨੇ ਇੱਕ ਤੋਤਾ ਖ਼ਰੀਦਿਆ।
ਪਰ ਕੀ ਮਿੱਠੂ ਤੋਤਾ ਉਸਦਾ ਦੋਸਤ ਬਣਦਾ ਹੈ?
ਜਾਣਨ ਲਈ ਪੜ੍ਹੋ, ਦਿਲ ਨੂੰ ਛੂਹਣ ਵਾਲੀ ਦੋਸਤੀ ਦੀ ਕਹਾਣੀ!

***Reeti ate Mithu*** (Punjabi) translated by Vikrampal Sharma, text and illustrations adapted from original story ***Reeti and Mithu*** (English), written by Anupa Lal, illustrated by Soumya Menon, supported by Oracle, published by Pratham Books (© Pratham Books, 2016) under a CC BY 4.0 license on StoryWeaver. Read, create and translate stories for free on www.storyweaver.org.in

PRATHAM BOOKS
**storyweaver**

StoryWeaver is a digital repository of multilingual stories for children from Pratham Books. Now, every child can have access to an endless stream of stories in her mother tongue to read and enjoy.

**PRATHAM BOOKS**
**A Book in Every Child's Hand**

Pratham Books is a not-for-profit organization that publishes books in multiple Indian languages to promote reading among children.

**PRATHAM**

Pratham is an innovative learning organization created to improve the quality of education in India.

**ਦਫ਼ਤਰ ਡਾਇਰੈਕਟਰ ਰਾਜ ਸਿੱਖਿਆ ਖੋਜ ਅਤੇ ਸਿਖਲਾਈ ਪ੍ਰੀਸ਼ਦ, ਪੰਜਾਬ**
**ਬਲਾਕ-ਈ, ਛੇਵੀਂ ਮੰਜਿਲ, ਪੰਜਾਬ ਸਕੂਲ ਸਿੱਖਿਆ ਬੋਰਡ ਕੰਪਲੈਕਸ, ਫੇਜ਼-8, ਐਸ.ਏ.ਐਸ ਨਗਰ, ਮੁਹਾਲੀ**